INVESTMENT FUNDS



# ਸੈਗਰੇਗੇਟਡ ਫੰਡਾਂ ਦੇ ਫਾਇਦੇ

## ਸੈਗਰੇਗੇਟਡ ਫੰਡ ਕੀ ਹੁੰਦੇ ਹਨ?

ਇੱਕ ਸੈਗਰੇਗੇਟਡ ਫੰਡ, ਇੱਕ ਬੀਮਾ ਉਤਪਾਦ ਹੈ ਜੋ ਬੀਮਾ ਕੰਪਨੀਆਂ ਵੱਲੋਂ ਹੀ ਵੇਚਿਆ ਜਾਂਦਾ ਹੈ। ਇਹ ਇੱਕ ਮਿਉਚੁਅਲ ਫੰਡ ਦੇ ਸਮਾਨ ਹੈ, ਪਰ ਮੈਚੋਰੀਟੀ ਜਾਂ ਮੌਤ 'ਤੇ ਇਨਵੈਸਟ ਕੀਤੀ ਰਕਮ ਦੇ 75% ਜਾਂ 100% ਦੀ ਗਰੰਟੀ ਦੇ ਕੇ, ਹੋਰ ਵਿਸ਼ੇਸ਼ਤਾਵਾਂ ਦੇ ਨਾਲ, ਮਾਰਕੀਟ ਵਿੱਚ ਗਿਰਾਵਟ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ।

ਇਹ ਗਰੰਟੀ, ਜੋ ਕਿ ਮਿਉਚੁਅਲ ਫੰਡਾਂ ਲਈ ਉਪਲਬਧ ਨਹੀਂ ਹੁੰਦੀ, ਇੱਕ ਵੱਡਾ ਫਾਇਦਾ ਦਰਸਾਉਂਦੀ ਹੈ ਕਿਉਂਕਿ ਇਹ ਨੁਕਸਾਨ ਦੇ ਜੋਖਮਾਂ ਨੂੰ ਸੀਮਤ ਕਰ ਦਿੰਦੀ ਹੈ।

IAG ਬੱਚਤ ਅਤੇ ਰਿਟਾਇਰਮੈਂਟ ਪਲਾਨ ਵਿੱਚ ਸੈਗਰੇਗੇਟਡ ਫੰਡ ਕਈ ਵਾਧੂ ਫਾਇਦੇ ਵੀ ਪੇਸ਼ ਕਰਦੇ ਹਨ ਜੋ ਮਿਉਚੁਅਲ ਫੰਡਾਂ ਲਈ ਉਪਲਬਧ ਨਹੀਂ ਹੁੰਦੇ।

iA Financial Group

#1 in net sales of segregated funds in Canada since 2016

## ਮਿਉਚੁਅਲ ਫੰਡਾਂ ਅਤੇ ਸੈਗਰੇਗੇਟਡ ਫੰਡਾਂ ਦੀ ਤੁਲਨਾ

| ਸਾਂਝੇ ਫਾਇਦੇ | ਮਿਉਚੁਅਲ ਫੰਡ | ਸੈਗਰੇਗੇਟਡ ਫੰਡ |
|---|---|---|
| ਰਜਿਸਟਰਡ ਅਤੇ ਗੈਰ-ਰਜਿਸਟਰਡ ਕੰਟਰੈਕਟਾਂ (TFSAs, RRSPs, RESPs, RRIFs, LIRAs, LIFs, ਅਤੇ ਲਾਕਡ-ਇਨ RRSPs) ਵਿੱਚ ਇਨਵੈਸਟ ਕਰਨਾ | ● | ● |
| ਉਪਜ ਦੀ ਸੰਭਾਵਨਾ ਅਤੇ ਫੰਡ ਵਿਕਲਪਾਂ ਦੀ ਇੱਕ ਵਿਸ਼ਾਲ ਸ਼੍ਰੇਣੀ | ● | ● |
| ਹਰ ਸਮੇਂ ਪੂੰਜੀ ਤੱਕ ਪਹੁੰਚ (ਇੱਕ ਨਿਸ਼ਚਿਤ ਮਿਆਦ ਲਈ ਰੀਡੈਂਪਸ਼ਨ ਫੀਸ ਲਾਗੂ ਹੋ ਸਕਦੀ ਹੈ) | ● | ● |
| ਸਰੰਡਰ ਖਰਚਿਆਂ ਤੋਂ ਬਿਨਾਂ ਵਿੱਡਰਾਉਲ ਕਰਵਾਉਣ ਦੀ ਸੰਭਾਵਨਾ | ● | ● |
| **iA ਫਾਈਨੈਂਸ਼ੀਅਲ ਗਰੁੱਪ ਦੇ ਸੈਗਰੇਗੇਟਡ ਫੰਡਾਂ ਦੇ ਫਾਇਦੇ** | | |
| ਪਰਿਪੱਕਤਾ ਜਾਂ ਮੌਤ 'ਤੇ, ਜਮ੍ਹਾਂ ਰਕਮਾਂ 'ਤੇ ਲਾਗੂ ਹੋਣ ਵਾਲੀ ਗਾਰੰਟੀ | | ● |
| ਰੀਸੈੱਟ ਦੁਆਰਾ ਸੁਰੱਖਿਅਤ ਇਨਵੈਸਟਮੈਂਟ ਦਾ ਵਾਧਾ | | ● |
| ਨੋ ਪ੍ਰੋਬੇਟ ਫੀਸ ਦੀ ਸੰਭਾਵਨਾ | | ● |
| ਮੌਤ ਤੇ ਜਲਦੀ ਸੈਟਲਮੈਂਟ | | ● |
| ਕ੍ਰੇਡਿਟਰ ਪ੍ਰੋਟੈਕਸ਼ਨ | | ● |
| ਤੇਜ਼, ਆਸਾਨ ਟੈਕਸ ਰਿਟਰਨ | | ● |
| ਜੀਵਨ ਭਰ ਗਾਰੰਟੀਸ਼ੁਦਾ ਆਮਦਨ ਦੀ ਸੰਭਾਵਨਾ | | ● |

**iA ਫਾਈਨੈਂਸ਼ੀਅਲ ਗਰੁੱਪ 'ਚ, ਸਾਡੇ ਪ੍ਰਤੀਯੋਗੀ ਅਤੇ ਉੱਚ-ਪ੍ਰਦਰਸ਼ਨ ਵਾਲੇ ਫੰਡਾਂ ਦੀ ਵਿਸ਼ਾਲ ਸ਼੍ਰੇਣੀ ਤੁਹਾਨੂੰ ਅਨੁਕੂਲ ਪੋਰਟਫੋਲੀਓ ਵਿਭਿੰਨਤਾ ਲਈ ਲੋੜੀਂਦੀ ਲਚਕਤਾ ਪ੍ਰਦਾਨ ਕਰਦੀ ਹੈ।**

## iA ਫਾਈਨੈਂਸ਼ੀਅਲ ਗਰੁੱਪ ਦੇ ਸੈਗਰੇਗੇਟਡ ਫੰਡਾਂ ਵਿੱਚ ਇਨਵੇਸਟ ਕਰਨ ਦੇ ਮੁੱਖ ਫਾਇਦੇ

### ਪੂੰਜੀ ਦੀ ਸੁਰੱਖਿਆ

ਇਕਰਾਰਨਾਮੇ ਦੀ ਮੈਚੋਰੀਟੀ ਜਾਂ ਮੌਤ 'ਤੇ, ਜੇਕਰ ਫੰਡਾਂ ਦਾ ਬਾਜ਼ਾਰ ਮੁੱਲ ਘੱਟ ਹੈ ਤਾਂ ਇਹ ਸੁਰੱਖਿਆ ਤੁਹਾਨੂੰ ਇਨਵੈਸਟ ਕੀਤੀ ਰਕਮ ਦਾ 75% ਜਾਂ 100% ਮੁੜ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦੀ ਹੈ ।

### ਰੀਸੈੱਟਸ

ਸਾਡੇ ਸੈਗਰੇਗੇਟਡ ਫੰਡ, ਜੋ ਕਿ 75/100, 100/100 ਅਤੇ FORLIFE ਸੀਰੀਜ਼ ਵਿੱਚ ਉਪਲਬਧ ਹਨ, ਮਾਰਕੀਟ ਦੇ ਉਤਰਾਅ-ਚੜ੍ਹਾਅ ਦੌਰਾਨ ਇਨਵੈਸਟਮੈਂਟ ਫੰਡਾਂ ਦੀ ਰੱਖਿਆ ਕਰਨ ਲਈ ਹਰ ਸਾਲ ਲਾਭਾਂ ਨੂੰ ਲਾਕ ਕਰਨ ਦੀ ਸੰਭਾਵਨਾ ਦੀ ਪੇਸ਼ਕਸ਼ ਕਰਦੇ ਹਨ।

### ਪ੍ਰੋਬੇਟ ਫੀਸ ਤੋਂ ਬਚਣ ਦੀ ਸੰਭਾਵਨਾ

ਇੱਕ ਸੈਗਰੇਗੇਟਡ ਫੰਡ ਇਕਰਾਰਨਾਮਾ ਕਿਸੇ ਲਾਭਪਾਤਰੀ ਨੂੰ ਮਨੋਨੀਤ ਕਰਨਾ ਸੰਭਵ ਬਣਾਉਂਦਾ ਹੈ ਅਤੇ ਇਸ ਲਈ ਪ੍ਰੋਬੇਟ ਫੀਸਾਂ ਸਮੇਤ, ਜਾਇਦਾਦ ਦੇ ਨਿਪਟਾਰੇ ਨਾਲ ਸਬੰਧਤ ਕਈ ਫੀਸਾਂ ਦਾ ਭੁਗਤਾਨ ਕਰਨ ਤੋਂ ਬਚੋ। ਪ੍ਰੋਬੇਟ ਫੀਸ ਹਰੇਕ ਗ੍ਰਾਹਕ ਦੀ ਨਿੱਜੀ ਸਥਿਤੀ ਅਤੇ ਰਿਹਾਇਸ਼ ਦੇ ਸੂਬੇ ਦੇ ਅਨੁਸਾਰ ਵੱਖ-ਵੱਖ ਹੋ ਸਕਦੀ ਹੈ।

### ਮੌਤ ਤੇ ਜਲਦੀ ਸੈਟਲਮੈਂਟ

ਮੌਤ ਦੀ ਸਥਿਤੀ ਵਿੱਚ ਲਾਭਪਾਤਰੀਆਂ ਨੂੰ ਫੰਡਾਂ ਦੀ ਵੈਲਯੂ ਤੁਰੰਤ ਅਦਾ ਕੀਤੀ ਜਾਂਦੀ ਹੈ। ਇਸਦਾ ਮਤਲਬ ਹੈ ਕਿ, ਹੋਰ ਚੀਜ਼ਾਂ ਦੇ ਨਾਲ, ਰਿਸ਼ਤੇਦਾਰਾਂ ਨੂੰ ਮ੍ਰਿਤਕ ਦੇ ਵਿੱਤੀ ਵਚਨਬੱਧਤਾਵਾਂ ਦਾ ਭਾਰ ਚੁੱਕਣ ਦੀ ਲੋੜ ਨਹੀਂ ਹੈ।

### ਕ੍ਰੇਡਿਟਰ ਪ੍ਰੋਟੈਕਸ਼ਨ

ਇਹ ਉਹਨਾਂ ਛੋਟੇ ਕਾਰੋਬਾਰੀਆਂ ਅਤੇ ਪੇਸ਼ੇਵਰਾਂ ਲਈ ਕਾਫ਼ੀ ਫਾਇਦੇਮੰਦ ਹੋ ਸਕਦਾ ਹੈ ਜੋ ਦੀਵਾਲੀਆਪਨ ਜਾਂ ਮੁਕੱਦਮੇ ਦੀ ਸਥਿਤੀ ਵਿੱਚ ਆਪਣੇ ਨੁਕਸਾਨ ਦੇ ਜੋਖਮ ਨੂੰ ਸੀਮਤ ਕਰਨਾ ਚਾਹੁੰਦੇ ਹਨ। ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ।

### ਤੇਜ਼, ਆਸਾਨ ਟੈਕਸ ਰਿਟਰਨ

ਸਾਰੀਆਂ ਟੈਕਸ ਗਣਨਾ ਪਹਿਲਾਂ ਹੀ iA ਦੁਆਰਾ ਭੇਜੀ ਗਈ T3 ਸਲਿੱਪ (ਅਤੇ ਕਿਊਬੈਕ ਵਿੱਚ Relevé 16) 'ਤੇ ਕੀਤੀ ਜਾਂਦੀ ਹੈ, ਜੋ ਇੰਕਮ ਟੈਕਸ ਰਿਟਰਨ ਨੂੰ ਅਸਾਨ ਅਤੇ ਤੇਜ਼ ਬਣਾਉਂਦਾ ਹੈ।

### ਜੀਵਨ ਭਰ ਗਾਰੰਟੀਸ਼ੁਦਾ ਆਮਦਨ ਦੀ ਸੰਭਾਵਨਾ

FORLIFE ਸੀਰੀਜ਼ ਦੇ ਨਾਲ, ਸੈਗਰੇਗੇਟਡ ਫੰਡ ਤੁਹਾਨੂੰ ਪੂੰਜੀ ਗੁਆਉਣ ਦੀ ਚਿੰਤਾ ਕੀਤੇ ਬਿਨਾਂ ਜੀਵਨ ਲਈ ਗਾਰੰਟੀਸ਼ੁਦਾ ਆਮਦਨ ਤੱਕ ਪਹੁੰਚ ਦਿੰਦੇ ਹਨ।

## ਨੰਬਰਾਂ ਨੂੰ ਖੁਦ ਸਾਰੀ ਹਕੀਕਤ ਦੱਸਣ ਦਿਓ

ਇੱਥੇ ਦੱਸਿਆ ਗਿਆ ਹੈ ਕਿ ਪ੍ਰੋਬੇਟ ਅਤੇ ਹੋਰ ਸੈਗਰੇਗੇਟਡ ਫੰਡ ਸੰਪੱਤੀ-ਸਬੰਧਤ ਫੀਸਾਂ ਤੋਂ ਬਚਣਾ ਕਿਵੇਂ ਇੱਕ ਫਰਕ ਲਿਆ ਸਕਦਾ ਹੈ।

**ਲਾਭਪਾਤਰੀ ਅਹੁਦੇ ਦੁਆਰਾ ਨੈੱਟ ਬੱਚਤ ਦਾ ਸਚਿੱਤਰ ਉਦਾਹਰਣ:**

ਪੌਲ ਨੇ 15 ਸਾਲ ਪਹਿਲਾਂ ਆਪਣੇ ਇਕਰਾਰਨਾਮੇ ਵਿੱਚ $25,000 ਡਿਪਾਜ਼ਿਟ ਕਰਵਾਏ, ਫਿਰ 68 ਸਾਲ ਦੀ ਉਮਰ ਵਿੱਚ ਮਰਨ ਤੱਕ $7,500 ਪ੍ਰਤੀ ਸਾਲ।

| | ਮਿਉਚੁਅਲ ਫੰਡ | ਸੈਗਰੇਗੇਟਡ ਫੰਡ |
|---|---|---|
| ਮੌਤ 'ਸਮੇਂ ਮਾਰਕੀਟ ਮੁੱਲ[1] | $213,800 | $209,000 |
| ਪ੍ਰੋਬੇਟ ਫੀਸ - 1.5% ਤੱਕ[2] | $2,460 | $0 |
| ਪ੍ਰੋਫੈਸ਼ਨਲ ਫੀਸ - 5% ਤੱਕ[3] | $4,500 | $0 |
| ਅਸਟੇਟ ਐਗਜ਼ੀਕਿਊਟਰ ਲਈ ਫੀਸ - 6% ਤੱਕ[4] | $6,400 | $0 |
| ਰੀਡੈਂਪਸ਼ਨ ਫੀਸ - 7% ਤੱਕ[5] | $0 | $0 |
| ਕੁੱਲ ਫੀਸ | $13,360 | $0 |
| **ਮੌਤ ਤੋਂ ਬਾਅਦ ਨੈੱਟ ਵੈਲਯੂ (ਟੈਕਸ ਤੋਂ ਪਹਿਲਾਂ)** | **$200,440** | **$209,000** |
| **ਬੱਚਤ[6]** | - | **$8,560** |

[1] ਰਿਟਰਨ ਦੀ 5% ਨੈੱਟ ਦਰ। ਸੈਗਰੇਗੇਟਡ ਫੰਡ ਇਨਵੈਸਟਮੈਂਟਾਂ 'ਤੇ ਸ਼ੁੱਧ ਰਿਟਰਨ ਨੂੰ ਆਮ ਤੌਰ 'ਤੇ ਉੱਚ MER ਨੂੰ ਧਿਆਨ ਵਿੱਚ ਰੱਖਣ ਲਈ -0.25% ਨਾਲ ਐਡਜਸਟ ਕੀਤਾ ਗਿਆ ਸੀ।
[2] ਪ੍ਰੋਬੇਟ ਫੀਸ ਸੂਬੇ ਦੇ ਮੁਤਾਬਕ ਵੱਖ-ਵੱਖ ਹੁੰਦੀ ਹੈ। ਉਦਾਹਰਨ ਵਿੱਚ ਓਨਟਾਰੀਓ ਅਸਟੇਟ ਪ੍ਰਸ਼ਾਸਨ ਟੈਕਸ ਦੀ ਵਰਤੋਂ ਕੀਤੀ ਗਈ ਹੈ।
[3] ਪ੍ਰੋਫੈਸ਼ਨਲ ਫੀਸਾਂ ਵਿੱਚ ਹੋਰ ਚੀਜ਼ਾਂ ਦੇ ਨਾਲ, ਕਾਨੂੰਨੀ ਅਤੇ ਅਕਾਊਂਟਿੰਗ ਫੀਸਾਂ ਸ਼ਾਮਲ ਹੁੰਦੀਆਂ ਹਨ। ਇਹ ਸਥਿਤੀ ਅਤੇ ਫ਼ਾਈਲ ਦੀ ਗੁੰਝਲਤਾ ਦੇ ਆਧਾਰ 'ਤੇ ਵੱਖ-ਵੱਖ ਹੁੰਦੇ ਹਨ।
[4] ਅਸਟੇਟ ਐਗਜ਼ੀਕਿਊਟਰ ਦੀਆਂ ਫੀਸਾਂ ਇਸ ਆਧਾਰ 'ਤੇ ਵੱਖ-ਵੱਖ ਹੁੰਦੀਆਂ ਹਨ ਕਿ ਐਗਜ਼ੀਕਿਊਟਰ ਅਸਟੇਟ ਦਾ ਅੰਦਰੂਨੀ ਜਾਂ ਬਾਹਰੀ ਹੈ। ਇਸ ਉਦਾਹਰਨ ਵਿੱਚ ਇੱਕ ਬਾਹਰੀ ਐਗਜ਼ੀਕਿਊਟਰ ਮੰਨਿਆ ਗਿਆ ਹੈ।
[5] ਰੀਡੈਂਪਸ਼ਨ ਫੀਸ ਵਿਕਲਪ ਅਤੇ ਮਿਉਚੁਅਲ ਫੰਡ ਨਿਰਮਾਤਾ ਦੇ ਆਧਾਰ ਤੇ ਵੱਖ-ਵੱਖ ਹੁੰਦੀ ਹੈ। ਇੱਥੇ ਧਾਰਨਾਵਾਂ ਸਿਰਫ ਵਿਆਖਿਆ ਦੇ ਉਦੇਸ਼ਾਂ ਲਈ ਵਰਤੀਆਂ ਗਈਆਂ ਹਨ, ਇਹ ਬਦਲ ਸਕਦੀਆਂ ਹਨ ਅਤੇ ਹੋ ਸਕਦਾ ਹੈ ਕਿ ਇਹ ਸਹੀ ਨਾ ਹੋਣ।
[6] ਇੱਥੇ ਧਾਰਨਾਵਾਂ ਸਿਰਫ ਵਿਆਖਿਆ ਦੇ ਉਦੇਸ਼ਾਂ ਲਈ ਵਰਤੀਆਂ ਗਈਆਂ ਹਨ, ਇਹ ਬਦਲ ਸਕਦੀਆਂ ਹਨ ਅਤੇ ਹੋ ਸਕਦਾ ਹੈ ਕਿ ਇਹ ਸਹੀ ਨਾ ਹੋਣ।

## ਦੇਖੋ ਕਿ ਰੀਸੈੱਟ ਆਪਣੀ ਕੀਮਤ ਨੂੰ ਕਿਵੇਂ ਸਾਬਤ ਕਰਦੇ ਹਨ

ਡੇਵਿਡ ਨੇ 75/100 ਸੈਗਰੇਗੇਟਡ ਫੰਡ ਵਿੱਚ ਸ਼ੁਰੂਆਤ ਵਿੱਚ $100,000 ਡਿਪਾਜ਼ਿਟ ਕਰਵਾਇਆ ਸੀ।[1]

$100,000

ਰੀਸੈਟ ਦੀ ਵਰਤੋਂ ਹਰ ਉਸ ਸਾਲ ਲਾਭਾਂ ਨੂੰ ਲਾਕ ਇਨ ਕਰਨ ਲਈ ਕੀਤੀ ਜਾਂਦੀ ਸੀ ਜਿਸ ਵਿੱਚ ਵੀ ਇਹ ਅਨੁਕੂਲ ਹੁੰਦਾ ਸੀ।

ਰੀਸੈਟ

ਜੇ ਡੇਵਿਡ 10 ਸਾਲ ਵਿੱਚ ਗੁਜ਼ਰ ਜਾਂਦਾ ਹੈ

ਉਸ ਦੀ ਮੌਤ 'ਤੇ, $145,000 ਦਾ ਭੁਗਤਾਨ ਉਸ ਦੇ ਜੀਵਨ ਸਾਥੀ (ਨਿਯੁਕਤ ਲਾਭਪਾਤਰੀ) ਨੂੰ ਕੀਤਾ ਜਾਵੇਗਾ, ਭਾਵ ਆਖਰੀ ਰੀਸੈਟ ਦੀ ਰਕਮ। ਇਹ ਫੰਡ ਦੇ ਮੌਜੂਦਾ ਮਾਰਕਿਟ ਮੁੱਲ $120,000 ਤੋਂ ਉਪਰ ਇੱਕ ਮਹੱਤਵਪੂਰਨ ਵਾਧਾ ਹੈ।

$145,000 ਲਾਕਡ ਇਨ




[1] ਸਿਰਫ਼ ਉਦਾਹਰਣ ਦੇ ਉਦੇਸ਼ਾਂ ਲਈ ਕਲਪਨਾਤਮਕ ਕਰਵ।

## iA ਫਾਈਨੈਂਸ਼ੀਅਲ ਗਰੁੱਪ ਨੂੰ ਕਿਉਂ ਚੁਣੋ?

### 2016 ਤੋਂ ਬਾਅਦ ਕੈਨੇਡਾ ਵਿੱਚ ਨੈੱਟ ਸੈਗਰੇਗੇਟਡ ਫੰਡਾਂ ਦੀ ਵਿਕਰੀ ਅਤੇ ਫੰਡਾਂ ਦੀ ਪੂਰੀ ਸ਼੍ਰੇਣੀ ਵਿੱਚ ਨੰਬਰ ਇੱਕ।

**ਮੁਹਾਰਤ:** ਨਾਮਵਰ ਬਾਹਰੀ ਪ੍ਰਬੰਧਕਾਂ ਦੁਆਰਾ ਪ੍ਰਬੰਧਿਤ ਫੰਡਾਂ ਦੀ ਇੱਕ ਸ਼੍ਰੇਣੀ ਅਤੇ ਇੱਕ ਅੰਦਰੂਨੀ ਇਨਵੈਸਟਮੈਂਟ ਪ੍ਰਬੰਧਨ ਟੀਮ (iAGAM) ਦੀ ਡੂੰਘਾਈ ਨਾਲ ਮੁਹਾਰਤ ਨਾਲ ਜੋੜੀਆਂ ਗਈਆਂ ਫਰਮਾਂ।

**ਵੈਰਾਇਟੀ:** ਸਭ ਤਰਾਂ ਦੇ ਇਨਵੈਸਟਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੂਰਕ ਇਨਵੈਸਟਮੈਂਟ ਉਤਪਾਦ।

**ਇਨਵੈਸਟਮੈਂਟ ਦੀਆਂ ਗਾਰੰਟੀਆਂ:** ਸਾਡੇ ਸਾਰੇ ਉਤਪਾਦ ਗਾਰੰਟੀਆਂ ਦੇ ਨਾਲ ਆਉਂਦੇ ਹਨ।

ਇਹ ਇੱਕ ਮਹੱਤਵਪੂਰਨ ਫਾਇਦਾ ਹੈ!

**#1**

**in net sales of segregated funds in Canada since 2016**



ਸੈਗਰੇਗੇਟਡ ਫੰਡਾਂ ਬਾਰੇ ਵਧੇਰੇ ਜਾਣਕਾਰੀ ਲਈ,
ਅੱਜ ਹੀ ਆਪਣੇ ਸਲਾਹਕਾਰ ਨਾਲ ਗੱਲ ਕਰੋ।

F13-452P(23-05) ACC

**INVESTED IN YOU.**

iA ਫਾਈਨੈਂਸ਼ੀਅਲ ਗਰੁੱਪ **ਇੰਡਸਟ੍ਰੀਅਲ ਅਲਾਇੰਸ ਇੰਸ਼ੋਰੈਂਸ ਐਂਡ ਫਾਈਨੈਂਸ਼ੀਅਲ ਸਰਵਿਸਿਜ਼ ਇੰਕ.** ਦਾ ਵਪਾਰਕ ਨਾਮ ਅਤੇ ਟ੍ਰੇਡਮਾਰਕ ਹੈ।

1-844-442-4636

**ia.ca**